**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**
**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

**ਪਬਲਿਕ ਨੋਟਿਸ**

ਨੰ: 831606/5 ਮਿਤੀ: 22-01-2025

1. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਬਾਰਡਰ ਏਰੀਏ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 1664 ਅਸਾਮੀਆਂ ਭਰਨ ਲਈ ਮਿਤੀ 06-03-2020 ਨੂੰ ਵਿਗਿਆਪਨ ਪ੍ਰਕਾਸਿਤ ਕੀਤਾ ਗਿਆ ਸੀ। ਇਹਨਾਂ ਵਿਗਿਆਪਤ ਕੀਤੀਆ ਅਸਾਮੀਆਂ ਵਿੱਚ 700 ਅਸਾਮੀਆਂ ਦਾ ਹੋਰ ਵਾਧਾ ਕਰਦੇ ਹੋਏ (1664+700= 2364) ਮਿਤੀ 23-06-2020 ਸੋਧ ਪੱਤਰ ਜਾਰੀ ਕੀਤਾ ਗਿਆ।

2. ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 2364 ਆਸਾਮੀਆਂ ਦਾ ਨਤੀਜਾ ਮਿਤੀ 25-07-2024 ਨੂੰ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ। ਇਸ ਸਿਲੈਕਸਨ ਸੂਚੀ ਦੇ ਯੋਗ ਉਮੀਦਵਾਰਾਂ ਨੂੰ ਆਨਲਾਈਨ ਸਟੇਸ਼ਨ ਚੋਣ ਲਈ ਇਸ ਦਫਤਰ ਵੱਲੋਂ ਵੱਖ-ਵੱਖ ਮਿਤੀਆਂ ਨੂੰ ਜੋ ਪਬਲਿਕ ਨੋਟਿਸ ਜਾਰੀ ਕੀਤੇ ਗਏ ਸਨ, ਉਹ ਰੱਦ ਕੀਤੇ ਜਾਂਦੇ ਹਨ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ EWS (Economically Weaker Section) ਦੇ ਰਾਖਵਾਂਕਰਨ ਸਬੰਧੀ ਫੈਸਲੇ ਮਿਤੀ 14.10.2024 ਅਤੇ Hon'ble Supreme Court of India ਵੱਲੋਂ NIOS (National School of Open Schooling) ਡਿਪਲੋਮੇ ਦੀ ਵੈਧਤਾ ਸਬੰਧੀ ਫੈਸਲੇ ਮਿਤੀ 10-12-2024 ਦੇ ਸਨਮੁੱਖ ਅਗਲੇਰੀ ਕਾਰਵਾਈ ਕਰਦੇ ਹੋਏ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਪਹਿਲਾਂ ਜਾਰੀ ਕੀਤੀਆਂ ਪ੍ਰੋਵੀਜਨਲ ਸਿਲੈਕਸਨ ਸੂਚੀਆਂ ਨੂੰ ਰੱਦ ਕਰਦੇ ਹੋਏ, ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਮਿਤੀ 20-01-2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।

4. ਉਕਤ ਰੀ-ਕਾਸਟ ਪ੍ਰੋਵੀਜਨਲ ਸਿਲੈਕਸਨ ਸੂਚੀ ਵਿਚਲੇ ਯੋਗ ਉਮੀਦਵਾਰਾਂ ਨੂੰ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਮੌਜੂਦ ਖਾਲੀ ਅਸਾਮੀਆਂ ਵਿਰੁੱਧ ਸਟੇਟ ਐਮ.ਆਈ.ਐਸ ਸੈੱਲ ਵਲੋਂ ਆਨਲਾਈਨ ਪ੍ਰਕਿਰਿਆ ਰਾਹੀਂ ਸਟੇਸਨ ਚੋਣ ਕਰਵਾਈ ਜਾਣੀ ਹੈ। ਸਟੇਸ਼ਨ ਚੋਣ ਦੇ ਮੰਤਵ ਲਈ ਪੋਰਟਲ ਮਿਤੀ 27-01-2025 ਨੂੰ 10 ਵਜੇ ਤੋਂ ਮਿਤੀ 28-01-2025 ਦੇ 5 ਵਜੇ ਤੱਕ ਖੁੱਲ੍ਹਾ ਰਹੇਗਾ। ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸਡਿਊਲ ਅਨੁਸਾਰ ਆਪਣੀ ਪਸੰਦ ਦੇ ਸਟੇਸ਼ਨ ਚੋਣ ਕਰਨੇ ਯਕੀਨੀ ਬਣਾਉਣ। ਹਰੇਕ ਉਮੀਦਵਾਰ ਆਪਣੀ ਆਈ.ਡੀ ਵਿੱਚ ਸੋਅ ਹੋ ਰਹੀ ਵੈਕੰਸੀ ਲਿਸਟ ਵਿੱਚੋਂ ਆਪਣੀ ਪਸੰਦ ਦੇ ਜਿੰਨੇ ਮਰਜੀ ਸਟੇਸ਼ਨਾਂ ਦੀ ਆਪਸਨ ਆਪਣੀ ਆਈ.ਡੀ ਵਿੱਚ ਭਰ ਸਕਦੇ ਹਨ। ਇਹ ਪ੍ਰਕਿਰਿਆਂ ਸਮੁੱਚੇ ਰੂਪ ਵਿੱਚ ਆਨਲਾਈਨ ਹੀ ਹੋਵੇਗੀ। ਜਿਹੜੇ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ, ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ ਕੋਈ ਇੱਕ ਸਟੇਸ਼ਨ ਆਨਲਾਈਨ ਪ੍ਰਕਿਰਿਆ ਤਹਿਤ ਐਮ.ਆਈ.ਐਸ ਸਾਖਾ ਵੱਲੋਂ ਅਲਾਟ ਕਰ ਦਿੱਤਾ ਜਾਵੇਗਾ, ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

5. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਉਮੀਦਵਾਰ 6635 ਭਰਤੀ ਅਧੀਨ ਪਹਿਲਾਂ ਹੀ ਬਾਰਡਰ ਏਰੀਆ ਦੇ 6 ਜਿਲਿਆਂ ਵਿੱਚ ਨਿਯੁਕਤ ਹਨ ਅਤੇ ਬਤੌਰ ਈ ਟੀ ਟੀ ਟੀਚਰ ਕੰਮ ਕਰ ਰਹੇ ਹਨ, ਉਹ ਉਮੀਦਵਾਰ ਇਸ ਭਰਤੀ ਵਿੱਚ ਨਿਯੁਕਤੀ ਪੱਤਰ ਲੈਣ ਦੇ ਹੱਕਦਾਰ ਹੋਣਗੇ, ਪ੍ਰੰਤੂ ਇਹ 2364 ਭਰਤੀ ਮੁਤਾਬਿਕ ਨਵੀਂ ਨਿਯੁਕਤੀ ਮੰਨੀ ਜਾਵੇਗੀ ਅਤੇ ਇਸਦੇ ਆਧਾਰ ਤੇ ਹੀ ਸੀਨੀਆਰਤਾ ਫਿਕਸ ਕੀਤੀ ਜਾਵੇਗੀ।

ਸਹਾਇਕ ਡਾਇਰੈਕਟਰ (ਅਮਲਾ-2)